ਦਫਤਰ ਡਿਪਟੀ ਕਮਿਸ਼ਨਰ, ਲੁਧਿਆਣਾ
(ਆਰ.ਆਰ.ਏ ਸ਼ਾਖਾ)

## ਪਬਲਿਕ ਨੋਟਿਸ

ਸ੍ਰੀ ਨਛੱਤਰ ਸਿੰਘ ਪੁਤਰ ਸ਼ਿਆਮ ਸਿੰਘ ਵਾਸੀ ਪਿੰਡ ਮਾਣਕਵਾਲ, ਤਹਿਸੀਲ ਲੁਧਿਆਣਾ (ਪੱਛਮੀ) ਜਿਲਾ ਲੁਧਿਆਣਾ ਦਾ ਪਹਿਲਾਂ ਲਾਲ ਕਾਰਡ ਨੰਬਰ-ਰੋਪੜ-2348 ਸੀ ਜੋ ਕਿ ਤਬਦੀਲ ਹੋ ਕੇ ਜਿਲ੍ਹਾ ਲੁਧਿਆਣਾ ਵਿਖੇ ਆਇਆ ਸੀ ਅਤੇ ਇਸ ਤੋਂ ਬਾਅਦ ਉਸ ਨੂੰ ਇਸ ਦਫਤਰ ਵਲੋਂ ਲਾਲ ਕਾਰਡ ਨੰਬਰ-ਓ.ਐਸ-1331 ਅਲਾਟ ਕੀਤਾ ਗਿਆ ਸੀ ਫਿਰ ਗੁੰਮ ਹੋਣ ਦੀ ਸੂਰਤ ਵਿੱਚ ਸ੍ਰੀ ਨੱਛਤਰ ਸਿੰਘ ਨੇ ਡੁਪਲੀਕੇਟ ਲਾਲ ਕਾਰਡ ਜਾਰੀ ਕਰਾਉਣ ਲਈ ਦਰਖਾਸਤ ਪੇਸ਼ ਕੀਤੀ ਹੈ। ਇਸ ਦਫਤਰ ਵਿੱਚ ਪਏ ਰਜਿਸਟਰ ਦੀ ਪੜਤਾਲ ਕੀਤੀ ਗਈ ਅਤੇ ਪਾਇਆ ਗਿਆ ਕਿ ਲਾਲ ਕਾਰਡ ਨੰਬਰ ਓ.ਐਸ-1331 ਸ੍ਰੀ ਕਾਕਾ ਸਿੰਘ ਪੁੱਤਰ ਸ਼ਰਨ ਸਿੰਘ ਵਾਸੀ 2907, ਸੀ.ਆਰ.ਪੀ.ਐਫ.ਕਲੋਨੀ,ਦੁੱਗਰੀ ਰੋਡ, ਲੁਧਿਆਣਾ ਨੂੰ ਜਾਰੀ ਹੋਇਆ ਹੈ। ਰਜਿਸਟਰ ਵਿਚ ਸ੍ਰੀ ਕਾਕਾ ਸਿੰਘ ਦਾ ਨਾਮ ਕੱਟ ਕੇ ਇਸੇ ਨੰਬਰ ਤੇ ਹੀ ਸ੍ਰੀ ਨਛੱਤਰ ਸਿੰਘ ਪੁਤਰ ਸ਼ਿਆਮ ਸਿੰਘ ਵਾਸੀ ਪਿੰਡ ਮਾਣਕਵਾਲ, ਤਹਿਸੀਲ ਲੁਧਿਆਣਾ (ਪੱਛਮੀ) ਜਿਲਾ ਲੁਧਿਆਣਾ ਨੂੰ ਲਾਲ ਕਾਰਡ ਜਾਰੀ ਕਰ ਦਿੱਤਾ ਗਿਆ ਸੀ। ਕਿਉਂ ਜੋ ਹਰ ਦੰਗਾ ਪੀੜਤ ਨੂੰ ਵੱਖਰਾ ਲਾਲ ਕਾਰਡ ਰਜਿਸਟਰੇਸ਼ਨ ਨੰਬਰ ਜਾਰੀ ਕਰਨਾ ਹੁੰਦਾ ਹੈ। ਇਸ ਲਈ ਮੌਜੂਦਾ ਕੇਸ ਵਿਚ ਸ੍ਰੀ ਨੱਛਤਰ ਸਿੰਘ ਪੁਤਰ ਸ਼ਿਆਮ ਸਿੰਘ ਨੂੰ ਇਕ ਵੱਖਰਾ ਲਾਲ ਕਾਰਡ ਰਜਿਸਟਰੇਸ਼ਨ ਨੰਬਰ ਜਾਰੀ ਕਰਨ ਦੀ ਤਜਵੀਜ਼ ਵਿਚਾਰ ਅਧੀਨ ਹੈ।

ਇਸ ਨੋਟਿਸ ਰਾਹੀ ਆਮ ਪਬਲਿਕ ਨੂੰ ਸੰਬੋਧਨ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਸ੍ਰੀ ਨਛੱਤਰ ਸਿੰਘ ਪੁਤਰ ਸ਼ਿਆਮ ਸਿੰਘ ਨੂੰ ਨਵਾਂ ਲਾਲ ਕਾਰਡ ਨੰਬਰ ਜਾਰੀ ਕਰਨ ਤੇ ਕੋਈ ਇਤਰਾਜ਼ ਹੋ ਤਾਂ ਉਹ ਇਹ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਲਿਖਤੀ ਰੂਪ ਵਿਚ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਮਿੰਨੀ ਸਕੱਤਰੇਤ, ਲੁਧਿਆਣਾ ਪਾਸ ਨਿੱਜੀ ਤੌਰ ਤੇ ਪੇਸ਼ ਕਰ ਸਕਦਾ ਹੈ। ਇਹ ਇਤਰਾਜ਼ 15 ਦਿਨ ਦੇ ਅੰਦਰ-ਅੰਦਰ ਪਹੁੰਚ ਜਾਣੇ ਚਾਹੀਦੇ ਹਨ। ਨਿਯਤ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਇਤਰਾਜ਼ਾਂ ਉਪਰ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ ਅਤੇ ਅਗਲੀ ਕਾਰਵਾਈ ਅਮਲ ਵਿਚ ਲਿਆ ਦਿੱਤੀ ਜਾਵੇਗੀ।

ਅੱਜ ਇਹ ਨੋਟਿਸ ਨੂੰ ਮੇਰੇ ਹਸਤਾਖਰਾਂ ਅਤੇ ਦਫਤਰ ਦੀ ਸੀਲ ਨਾਲ ਜਾਰੀ ਹੋਇਆ।

ਵਧੀਕ ਡਿਪਟੀ ਕਮਿਸ਼ਨਰ,
ਲੁਧਿਆਣਾ।

841-855

ਪਿੱਠ ਅੰਕਣ ਨੰ:................/ਆਰਆਰਏ ਮਿਤੀ :30-6-14

ਇਸ ਦਾ ਇੱਕ ਉਤਾਰਾ ਸਮੂਹ ਉਪ ਮੰਡਲ ਮੈਜਿਸਟਰੇਟ ਅਤੇ ਸਮੂਹ ਤਹਿਸੀਲਦਾਰ, ਜ਼ਿਲਾ ਲੁਧਿਆਣਾ ਨੂੰ ਉਕਤ ਨੋਟਿਸ ਆਪਣੇ-2 ਦਫਤਰ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਵਾ:ਡਿਪਟੀ ਕਮਿਸ਼ਨਰ,